# ਫੁੱਲ ਗੋਭੀ

ਫੁੱਲ ਗੋਭੀ ਦੀ ਫ਼ਸਲ ਹਰ ਤਰ੍ਹਾਂ ਦੀ ਜ਼ਮੀਨ ਵਿਚ ਹੋ ਸਕਦੀ ਹੈ ਪਰ ਇਸਦੀ ਵਧੀਆ ਕਾਸ਼ਤ ਰੇਤਲੀ ਤੋਂ ਰੇਤਲੀ ਮੈਰਾ ਜ਼ਮੀਨ ਵਿੱਚ ਹੁੰਦੀ ਹੈ । ਇਸ ਦੀ ਕਾਸ਼ਤ ਉਨ੍ਹਾਂ ਜ਼ਮੀਨਾਂ ਵਿੱਚ ਵਧੀਆ ਹੁੰਦੀ ਹੈ ਜਿਨ੍ਹਾਂ ਦੀ ਪੀ ਐਚ 6.0 ਤੋਂ 7.0 ਤੱਕ ਹੁੰਦੀ ਹੈ । ਇਸਦੀ ਕਾਸ਼ਤ ਵਿੱਚ ਤਾਪਮਾਨ ਦਾ ਬਹੁਤ ਵੱਡਾ ਹੱਥ ਹੁੰਦਾ ਹੈ ਕਿਉਂਕਿ ਜਦੋਂ ਪਨੀਰੀ ਤਿਆਰ ਹੁੰਦੀ ਹੈ ਤਾਂ ਇਸਦਾ ਤਾਪਮਾਨ 23 ਡਿਗਰੀ ਸੈਂਟੀਗ੍ਰੇਡ ਅਤੇ ਬਾਅਦ ਵਿੱਚ ਜਿਵੇਂ ਜਿਵੇਂ ਫ਼ਸਲ ਪੱਕਦੀ ਹੈ ਤਾਂ ਤਾਪਮਾਨ 17-20 ਡਿਗਰੀ ਸੈਂਟੀਗ੍ਰੇਡ ਬਹੁਤ ਉੱਤਮ ਹੁੰਦਾ ਹੈ (ਕਿਉਂਕਿ ਇਹ ਫ਼ਸਲ ਮੈਡੀਟਰੇਨੀਅਨ ਸਮੁੰਦਰ ਤੱਟ ਦੇ ਇਲਾਕਿਆਂ ਤੋਂ ਸ਼ੁਰੂ ਹੋ ਕੇ ਠੰਢੇ, ਗਰਮ ਅਤੇ ਨੀਮ ਗਰਮ ਇਲਾਕਿਆਂ ਵਿੱਚ ਕਾਫ਼ੀ ਪ੍ਰਚਲਤ ਹੈ) ਇਸ ਲਈ ਗਰਮ ਇਲਾਕਿਆਂ ਵਿੱਚ ਇਸਦੀ ਕਾਸ਼ਤ 35 ਡਿਗਰੀ ਸੈਂਟੀਗ੍ਰੇਡ ਤਾਪਮਾਨ ਤੇ ਵੀ ਹੋ ਜਾਂਦੀ ਹੈ । ਜਦੋਂ ਕਿ ਠੰਢੇ ਇਲਾਕਿਆਂ ਵਿੱਚ ਇਸਦੀ ਵਧੀਆ ਕਾਸ਼ਤ 15 ਡਿਗਰੀ ਸੈਂਟੀਗ੍ਰੇਡ ਤਾਪਮਾਨ ਤੋਂ ਲੈ ਕੇ 20 ਡਿਗਰੀ ਸੈਂਟੀਗ੍ਰੇਡ ਤਾਪਮਾਨ ਤੱਕ ਹੁੰਦੀ ਹੈ ।

**ਪਛੇਤੀਆਂ ਕਿਸਮਾਂ**

**ਪੂਸਾ ਸਨੋਬਾਲ-1 (1994)**

ਇਸ ਦੇ ਬਾਹਰਲੇ ਪੱਤੇ ਉਪਰ ਨੂੰ ਸਿੱਧੇ ਅਤੇ ਅੰਦਰਲੇ ਪੱਤੇ ਸ਼ੁਰੂ ਵਿੱਚ ਫੁੱਲ ਨੂੰ ਢੱਕਦੇ ਹਨ । ਫੁੱਲ ਗੁੰਦਵਾਂ, ਦਰਮਿਆਨੇ ਆਕਾਰ ਦਾ ਅਤੇ ਬਰਫ਼ ਵਾਂਗ ਚਿੱਟਾ ਹੁੰਦਾ ਹੈ । ਫ਼ਸਲ ਖੇਤ ਵਿੱਚ ਪਨੀਰੀ ਪੁੱਟ ਕੇ ਲਾਉਣ ਤੋਂ 100 ਦਿਨ ਬਾਅਦ ਤਿਆਰ ਹੋ ਜਾਂਦੀ ਹੈ । ਝਾੜ 90 ਕੁਇੰਟਲ ਪ੍ਰਤੀ ਏਕੜ ਹੈ ।

**ਪੂਸਾ ਸਨੋਬਾਲ ਕੇ-1 (1994)**

ਇਸ ਦੇ ਬਾਹਰਲੇ ਪੱਤੇ ਉਪਰ ਨੂੰ ਸਿੱਧੇ ਅਤੇ ਅੰਦਰਲੇ ਪੱਤੇ ਫੁੱਲ ਨੂੰ ਘੁੱਟ ਕੇ ਢੱਕਦੇ ਹਨ । ਫੁੱਲ ਬਰਫ਼ ਵਰਗਾ ਚਿੱਟਾ ਅਤੇ ਵਿਚਕਾਰੋਂ ਥੋੜਾ ਜਿਹਾ ਉਭਰਿਆ ਹੁੰਦਾ ਹੈ । ਇਹ ਕਿਸਮ ਪੂਸਾ ਸਨੋਬਾਲ-1 ਨਾਲੋਂ ਇੱਕ ਹਫ਼ਤਾ ਪਛੇਤੀ ਤਿਆਰ ਹੁੰਦੀ ਹੈ । ਇਸ ਦਾ ਝਾੜ 90 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ ।

**ਬਿਜਾਈ ਦੇ ਢੰਗ**

**ਬਿਜਾਈ ਅਤੇ ਬੀਜ ਦੀ ਮਾਤਰਾ :** ਪਨੀਰੀ ਪੁੱਟ ਕੇ ਖੇਤ ਵਿੱਚ ਲਾਉਣ ਵਾਸਤੇ ਅਗੇਤੀ ਫ਼ਸਲ ਜੂਨ ਤੋਂ ਜੁਲਾਈ, ਮੁੱਖ ਮੌਸਮ ਦੀ ਫ਼ਸਲ ਲਈ ਅਗਸਤ ਤੋਂ ਅੱਧ ਸਤੰਬਰ ਤੇ ਪਛੇਤੀ ਫ਼ਸਲ ਲਈ ਅਕਤੂਬਰ ਤੋਂ ਨਵੰਬਰ ਦੇ ਪਹਿਲੇ ਹਫ਼ਤੇ ਤੱਕ ਉੱਤਮ ਸਮਾਂ ਗਿਣਿਆਂ ਜਾਦਾ ਹੈ । ਇੱਕ ਏਕੜ ਫੁੱਲ ਗੋਭੀ ਲਾਉਣ ਵਾਸਤੇ ਸਾਰੀਆਂ ਕਿਸਮਾਂ ਲਈ 250 ਗ੍ਰਾਮ ਬੀਜ ਕਾਫ਼ੀ ਹੈ । ਅਗੇਤੀ ਫ਼ਸਲ ਲਈ 500 ਗ੍ਰਾਮ ਬੀਜ ਵਰਤੋ । ਸਿਫ਼ਾਰਸ਼ ਕੀਤੀ ਕਿਸਮ ਵੇਲੇ ਸਿਰ ਬੀਜੋ ਤਾਂ ਕਿ ਫ਼ਸਲ ਨਿਸਾਰੇ ਤੋਂ ਬਚੀ ਰਹੇ । ਅਗੇਤੀ ਬੀਜੀ ਪਨੀਰੀ ਅਤੇ ਫ਼ਸਲ ਨੂੰ ਰੂੜੀ ਦੀ ਗਲੀ-ਸੜੀ ਖਾਦ ਦੀ ਕਾਫ਼ੀ ਮਾਤਰਾ ਪਾਉ ਅਤੇ ਛੇਤੀ-ਛੇਤੀ ਪਾਣੀ ਦਿੰਦੇ ਰਹੋ ਤਾਂ ਕਿ ਬੂਟੇ ਘੱਟ ਮਰਨ । ਵਧੇਰੇ ਧੁੱਪ ਤੋਂ ਬਚਾਅ ਲਈ ਪਨੀਰੀ ਨੂੰ ਸਰਕੰਡੇ ਦਾ ਛੌਰਾ ਕਰੋ । ਪਨੀਰੀ ਨੂੰ ਸ਼ਾਮ ਵੇਲੇ ਠੰਢੀ ਵੱਤਰ ਵਿੱਚ ਖੇਤ ਵਿੱਚ ਪੁੱਟ ਕੇ ਲਾਉ ਅਤੇ ਤੁਰੰਤ ਪਾਣੀ ਦੇ ਦਿਉ ।

**ਫ਼ਾਸਲਾ :** ਮੁੱਖ ਫ਼ਸਲ ਲਈ ਲਾਈਨਾਂ ਤੇ ਬੂਟਿਆਂ ਵਿਚਕਾਰ ਫ਼ਾਸਲਾ 45×45 ਸੈਂਟੀਮੀਟਰ ਅਤੇ ਅਗੇਤੀ ਤੇ ਪਛੇਤੀ ਫ਼ਸਲ ਲਈ ਇਹ ਫ਼ਾਸਲਾ 45×30 ਸੈਂਟੀਮੀਟਰ ਰੱਖੋ ।

**ਖਾਦਾਂ ਦੀ ਵਰਤੋਂ**

40 ਟਨ ਗੋਹੇ ਦੀ ਖਾਦ ਅਤੇ 50 ਕਿਲੋ ਨਾਈਟ੍ਰੋਜਨ (110 ਕਿਲੋ ਯੂਰੀਆ), 25 ਕਿਲੋ ਫ਼ਾਸਫ਼ੋਰਸ (155 ਕਿਲੋ ਸੁਪਰਫ਼ਾਸਫ਼ੇਟ) ਅਤੇ 25 ਕਿਲੋ ਪੋਟਾਸ਼ (40 ਕਿਲੋ ਮਿਊਰੇਟ ਆਫ਼ ਪੋਟਾਸ਼) ਪ੍ਰਤੀ ਏਕੜ ਦੇ ਹਿਸਾਬ ਪਾਉਣੀ ਜ਼ਰੂਰੀ ਹੈ । ਗੋਹੇ ਦੀ ਖਾਦ, ਸਾਰੀ ਫ਼ਾਸਫ਼ੋਰਸ, ਸਾਰੀ ਪੋਟਾਸ਼ ਅਤੇ ਅੱਧੀ ਨਾਈਟ੍ਰੋਜਨ ਵਾਲੀ ਖਾਦ ਪਨੀਰੀ ਲਾਉਣ ਤੋਂ ਪਹਿਲਾਂ ਖੇਤ ਵਿੱਚ ਪਾ ਦਿਉ । ਬਾਕੀ ਦੀ ਅੱਧੀ ਨਾਈਟ੍ਰੋਜਨ ਪਨੀਰੀ ਲਾਉਣ ਤੋਂ ਚਾਰ ਹਫ਼ਤੇ ਪਿੱਛੋਂ ਪਾਉ ।

**ਨਦੀਨਾਂ ਦੀ ਰੋਕਥਾਮ**

ਮੁੱਖ ਸਮੇਂ ਦੀ ਫ਼ਸਲ ਵਿੱਚ ਨਦੀਨ 750 ਮਿਲੀਲਿਟਰ ਬਾਸਾਲੀਨ 45 ਈ ਸੀ (ਫ਼ਲੂਕਲੋਰਾਲਿਨ) ਪ੍ਰਤੀ ਏਕੜ ਪੌਦੇ ਲਾਉਣ ਤੋਂ ਪਹਿਲਾਂ ਜ਼ਮੀਨ ਵਿੱਚ ਮਿਲਾ ਕੇ ਕਾਬੂ ਹੋ ਸਕਦੇ ਹਨ । ਜ਼ਮੀਨ ਦੀ ਤਿਆਰੀ ਪਿੱਛੋਂ ਘੱਟੋ-ਘੱਟ 4 ਦਿਨ ਖੇਤ ਵਿੱਚ ਪੌਦੇ ਲਾਉਣ ਤੋਂ ਪਹਿਲਾਂ ਨਦੀਨ ਨਾਸ਼ਕ ਨੂੰ ਸਿੰਚਾਈ ਰਾਹੀਂ ਖੇਤ ਵਿੱਚ ਮਿਲਾਉ ਜਾਂ ਹਲਕੀ ਵਾਹੀ ਨਾਲ ਨਦੀਨ ਨਾਸ਼ਕ ਨੂੰ ਖੇਤ ਦੀ ਉਪਰਲੀ ਤਹਿ ਵਿੱਚ ਮਿਲਾਉ ਅਤੇ ਪਿੱਛੋਂ ਸੁਹਾਗਾ ਮਾਰੋ । ਚਾਲੀ ਦਿਨਾਂ ਬਾਅਦ ਇੱਕ ਗੋਡੀ ਵੀ ਕਰਨੀ ਚਾਹੀਦੀ ਹੈ। ਸਟੌਂਪ 30 ਈ ਸੀ (ਪੈਂਡੀਮੈਥਾਲਿਨ) ਇਕ ਲਿਟਰ ਪ੍ਰਤੀ ਏਕੜ ਜਾਂ ਸਟੌਂਪ 30 ਈ ਸੀ 750 ਮਿਲੀਲਿਟਰ ਦਵਾਈ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਇੱਕਸਾਰ ਸਪਰੇਅ ਕਰੋ + ਇੱਕ ਗੋਡੀ ਪੌਦੇ ਲਾਉਣ ਤੋਂ 35 ਦਿਨਾਂ ਬਾਅਦ ਵੀ ਕਰ ਸਕਦੇ ਹਾਂ । ਸਟੌਂਪ ਦੀ ਵਰਤੋਂ ਚੰਗੀ ਸਿੱਲ੍ਹ ਵਾਲੇ ਖੇਤ ਵਿੱਚ ਪੌਦੇ ਲਾਉਣ ਤੋਂ ਇੱਕ ਦਿਨ ਪਹਿਲਾਂ ਕਰਨੀ ਚਾਹੀਦੀ ਹੈ ।

**ਸਿੰਚਾਈ**

ਪਹਿਲਾ ਪਾਣੀ ਖੇਤ ਵਿੱਚ ਪਨੀਰੀ ਪੁੱਟ ਕੇ ਲਾਉਣ ਤੋਂ ਫੌਰਨ ਬਾਅਦ ਲਾਉ । ਬਾਅਦ ਵਾਲੀਆਂ ਸਿੰਚਾਈਆਂ ਗਰਮੀਆਂ ਵਿੱਚ 7-8 ਦਿਨ ਅਤੇ ਸਰਦੀਆਂ ਵਿੱਚ 10-15 ਦਿਨ ਦੇ ਵਕਫ਼ੇ ਤੇ ਜ਼ਮੀਨ ਦੀ ਕਿਸਮ ਮੁਤਾਬਕ ਕੀਤੀਆਂ ਜਾ ਸਕਦੀਆਂ ਹਨ । ਕੁੱਲ ਮਿਲਾ ਕੇ 8-12 ਪਾਣੀਆਂ ਦੀ ਲੋੜ ਹੈ ।

**ਕਟਾਈ**

ਜਿਉਂ ਹੀ ਫੁੱਲ ਮੰਡੀਕਰਨ ਆਕਾਰ ਦੇ ਹੋਣ, ਕੱਟ ਲੈਣੇ ਚਾਹੀਦੇ ਹਨ । ਤੁੜਾਈ ਵਿੱਚ ਦੇਰੀ ਨਾਲ ਫੁੱਲ ਖਿੰਡਵੇਂ ਹੋ ਜਾਂਦੇ ਹਨ । ਮੰਡੀਕਰਨ ਟੋਕਰੀਆਂ ਵਿੱਚ ਪਾ ਕੇ ਕਰੋ ।

**ਬੀਜ ਉਤਪਾਦਨ**

ਫੁੱਲ ਗੋਭੀ ਦੇ ਬੀਜ ਦੀ ਪੈਦਾਵਾਰ ਲਈ ਫੁੱਲ ਗੋਭੀ ਦੀ ਫ਼ਸਲ ਬਿਲਕੁਲ ਉਸੇ ਤਰ੍ਹਾਂ ਬੀਜੀ ਜਾਂਦੀ ਹੈ ਜਿਵੇਂ ਸਬਜ਼ੀ ਲਈ । ਜਦੋਂ ਫੁੱਲ ਗੋਭੀ ਦਾ ਫੁੱਲ ਤਿਆਰ ਹੋ ਜਾਂਦਾ ਹੈ ਤਾਂ ਪੌਦੇ ਬੀਜ ਦੀ ਪੈਦਾਵਾਰ ਲਈ ਉਸੇ ਤਰ੍ਹਾਂ ਛੱਡ ਦਿੱਤੇ ਜਾਂਦੇ ਹਨ। ਅਗੇਤੀਆਂ ਅਤੇ ਮੁੱਖ ਮੌਸਮ ਦੀਆਂ ਕਿਸਮਾਂ ਦੇ ਬੀਜ ਮੈਦਾਨੀ ਇਲਾਕਿਆਂ ਵਿੱਚ ਅਤੇ ਪਛੇਤੀਆਂ ਕਿਸਮਾਂ ਦੇ ਬੀਜ ਪਹਾੜੀ ਇਲਾਕਿਆਂ ਵਿੱਚ ਤਿਆਰ ਹੁੰਦੇ ਹਨ ਕਿਉਂਕਿ ਪਹਾੜੀ ਇਲਾਕਿਆਂ ਵਿੱਚ ਪਛੇਤੀਆਂ ਕਿਸਮਾਂ ਲਈ ਤਾਪਮਾਨ ਬਹੁਤ ਉੱਤਮ ਹੁੰਦਾ ਹੈ । ਵਧੀਆ ਤੇ ਸ਼ੁੱਧ ਬੀਜਾਂ ਲਈ ਖੇਤ ਵਿੱਚੋਂ ਮਾੜੇ ਤੇ ਅਸ਼ੁੱਧ ਪੌਦੇ ਪਨੀਰੀ ਖੇਤ ਵਿੱਚ ਲਾਉਣ, ਫੁੱਲ ਪੈਣ ਤੋਂ ਪਹਿਲਾਂ ਅਤੇ ਫੁੱਲ ਪੈਣ ਵੇਲੇ ਤਿੰਨ ਵਾਰੀ ਪੁੱਟ ਦੇਣੇ ਚਾਹੀਦੇ ਹਨ । ਵਧੀਆ ਅਤੇ ਜਿਨਸੀ ਤੌਰ ਤੇ ਸ਼ੁੱਧ ਪੌਦਿਆਂ ਲਈ 1600 ਮੀਟਰ ਤੱਕ ਨੇੜੇ ਤੇੜੇ ਹੋਰ ਫੁੱਲ ਗੋਭੀ ਦੀ ਕਿਸਮ ਨਹੀਂ ਲਾਉਣੀ ਚਾਹੀਦੀ । ਜਦੋਂ ਫ਼ਲੀਆਂ ਪੱਕ ਕੇ ਨਸਵਾਰੀ ਰੰਗ ਦੀਆਂ ਹੋ ਜਾਣ ਤਾਂ ਦੋ ਜਾਂ ਤਿੰਨ ਵਾਰੀ ਉਨ੍ਹਾਂ ਨੂੰ ਤੋੜ ਲੈਣਾ ਚਾਹੀਦਾ ਹੈ । ਫਿਰ ਉਨ੍ਹਾਂ ਨੂੰ ਸੋਧ ਕੇ ਉਨ੍ਹਾਂ ਵਿੱਚੋਂ ਬੀਜ ਕੱਢ ਕੇ ਸਾਫ਼ ਕਰ ਲੈਣੇ ਚਾਹੀਦੇ ਹਨ।

# ਬੰਦ ਗੋਭੀ

## ਮੌਸਮ ਅਤੇ ਜ਼ਮੀਨ

ਬੰਦ ਗੋਭੀ ਦੀ ਫ਼ਸਲ ਠੰਢੇ ਸਿਲ੍ਹੇ ਮੌਸਮ ਵਿੱਚ ਵਧੀਆ ਹੁੰਦੀ ਹੈ । ਇਸ ਫ਼ਸਲ ਦੇ ਗੁੱਟ ਬਣਨ ਵੇਲੇ, ਕੋਰੇ ਕੱਕਰ ਅਤੇ ਧੁੰਦ ਦਾ ਇਸ ਉੱਪਰ ਕੋਈ ਅਸਰ ਨਹੀਂ ਹੁੰਦਾ । ਖੁਸ਼ਕ ਜਲਵਾਯੂ ਨਾਲ ਇਸਦੀ ਕੁਆਲਿਟੀ ਮਾੜੀ ਅਤੇ ਇਸਦੀ ਖੁਸ਼ਬੂ ਖਤਮ ਹੋ ਜਾਂਦੀ ਹੈ । ਇਹ ਫੁੱਲ ਗੋਭੀ ਨਾਲੋਂ ਜ਼ਿਆਦਾ ਵੱਧ ਅਤੇ ਘੱਟ ਤਾਪਮਾਨ ਬਰਦਾਸ਼ਤ ਕਰ ਸਕਦੀ ਹੈ । ਬੰਦ ਗੋਭੀ ਹਰ ਤਰ੍ਹਾਂ ਦੀ ਜ਼ਮੀਨ ਵਿੱਚ ਬੀਜੀ ਜਾ ਸਕਦੀ ਹੈ । ਇਸਦੀ ਅਗੇਤੀ ਪੈਦਾਵਾਰ ਲਈ ਰੇਤਲੀ ਮੈਰਾ ਜ਼ਮੀਨ ਉੱਤਮ ਹੈ ਪਰ ਜਿੱਥੋਂ ਤੱਕ ਜ਼ਿਆਦਾ ਪੈਦਾਵਾਰ ਦਾ ਸਵਾਲ ਹੈ ਇਹ ਮੈਰਾ ਜ਼ਮੀਨ ਜਿਸ ਵਿੱਚ ਜੀਵਕ ਮਾਦਾ ਕਾਫ਼ੀ ਹੋਵੇ, ਵਧੀਆ ਮੰਨੀ ਜਾਂਦੀ ਹੈ । ਪਨੀਰੀ ਲਾਉਣ ਤੋਂ ਪਹਿਲਾਂ ਜ਼ਮੀਨ ਚੰਗੇ ਢੰਗ ਨਾਲ ਚੰਗੀ ਤਰ੍ਹਾਂ ਸੁਹਾਗਾ ਫੇਰ ਕੇ ਤਿਆਰ ਕਰ ਲੈਣੀ ਚਾਹੀਦੀ ਹੈ ਤਾਂਕਿ ਜ਼ਮੀਨ ਵਿੱਚ ਨਮੀ ਚੰਗੀ ਤਰ੍ਹਾਂ ਸੋਖੀ ਰਹਿ ਸਕੇ ।

## ਬਿਜਾਈ ਦੇ ਢੰਗ

**ਬਿਜਾਈ :** ਸਤੰਬਰ ਤੋਂ ਅਕਤੂਬਰ ਤੱਕ ਫ਼ਸਲ ਲਾਉਣ ਦਾ ਸਭ ਤੋਂ ਯੋਗ ਸਮਾਂ ਹੈ । ਇੱਕ ਏਕੜ ਦੀ ਪਨੀਰੀ ਲਈ 200 ਤੋਂ 250 ਗ੍ਰਾਮ ਬੀਜ ਕਾਫ਼ੀ ਹੈ । ਅਗੇਤੀਆਂ ਕਿਸਮਾਂ ਲਈ ਕਤਾਰਾਂ ਅਤੇ ਬੂਟਿਆਂ ਦਾ ਫ਼ਾਸਲਾ 45×45 ਸੈਂਟੀਮੀਟਰ ਤੇ ਪਿਛੇਤੀਆਂ ਕਿਸਮਾਂ ਲਈ ਲਾਈਨਾਂ ਅਤੇ ਬੂਟਿਆਂ ਦਾ ਫ਼ਾਸਲਾ 60×45 ਸੈਂਟੀਮੀਟਰ ਢੁੱਕਵਾਂ ਹੈ । ਬੰਦ ਗੋਭੀ ਦੀ ਅਗੇਤੀ ਪੈਦਾਵਾਰ ਲੈਣ ਲਈ ਇਸ ਦੀ ਸਿੱਧੀ ਬਿਜਾਈ ਵੀ ਕੀਤੀ ਜਾ ਸਕਦੀ ਹੈ । ਅਜਿਹਾ ਕਰਨ ਲਈ 60-60 ਸੈ.ਮੀ. ਦੀ ਵਿੱਥ ਉੱਪਰ ਵੱਟਾਂ ਬਣਾ ਕੇ 15-20 ਸੈ.ਮੀ. ਦੀ ਵਿੱਥ ਤੇ ਬਿਜਾਈ ਕਰ ਦਿਉ। ਇਸ ਢੰਗ ਨਾਲ ਕੀਤੀ ਬਿਜਾਈ ਨਾਲ ਬੰਦ ਗੋਭੀ ਤਕਰੀਬਨ ਦੋ ਹਫ਼ਤੇ ਅਗੇਤੀ ਤਿਆਰ ਹੋ ਜਾਂਦੀ ਹੈ । ਸਿੱਧੀ ਬਿਜਾਈ ਲਈ 325 ਗ੍ਰਾਮ ਬੀਜ ਏਕੜ ਲਈ ਵਰਤੋ ।

## ਖਾਦਾਂ ਦੀ ਵਰਤੋਂ

ਬੰਦ ਗੋਭੀ ਵਾਸਤੇ ਖਾਦ ਦੀ ਮਾਤਰਾ ਤੇ ਪਾਉਣ ਦਾ ਢੰਗ ਫੁੱਲ ਗੋਭੀ ਵਾਲਾ ਹੀ ਹੈ ।

## ਨਦੀਨਾਂ ਦੀ ਰੋਕਥਾਮ

ਸਟੌਂਪ 30 ਈ.ਸੀ. (ਪੈਂਡੀਮੈਥਾਲੀਨ) ਇੱਕ ਲਿਟਰ ਪ੍ਰਤੀ ਏਕੜ ਜਾਂ 750 ਮਿਲੀਲਿਟਰ ਪ੍ਰਤੀ ਏਕੜ ਪਨੀਰੀ ਪੁੱਟ ਕੇ ਖੇਤ ਵਿੱਚ ਲਾਉਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੱਕ ਗੋਡੀ ਜਾਂ ਬਾਸਾਲਿਨ 45 ਈ.ਸੀ. (ਫਲੂਕਲੋਰਾਲੀਨ) ਇੱਕ ਲਿਟਰ ਪ੍ਰਤੀ ਏਕੜ ਜਾਂ 750 ਮਿਲੀਲਿਟਰ ਪ੍ਰਤੀ ਏਕੜ ਪਨੀਰੀ ਪੁੱਟ ਕੇ ਖੇਤ ਵਿੱਚ ਲਾਉਣ ਤੋਂ ਚਾਰ ਦਿਨ ਪਹਿਲਾਂ ਅਤੇ ਬਾਅਦ ਵਿੱਚ ਇੱਕ ਗੋਡੀ ਕਰਨ ਨਾਲ ਬੰਦ ਗੋਭੀ ਵਿੱਚੋਂ ਨਦੀਨਾਂ ਦੀ ਰੋਕਥਾਮ ਹੋ ਸਕਦੀ ਹੈ । ਬਾਸਾਲਿਨ ਨੂੰ ਚੰਗੀ ਤਰ੍ਹਾਂ ਸਿੱਲ੍ਹ ਵਾਲੇ ਖੇਤ ਦੀ 5 ਸੈਂਟੀਮੀਟਰ ਉਪਰਲੀ ਤਹਿ ਵਿੱਚ ਰਲਾ ਦਿਉ। ਇਹ ਕੰਮ ਹੈਰੋ ਫੇਰਨ ਅਤੇ ਸੁਹਾਗੇ ਨਾਲ ਕੀਤਾ ਜਾ ਸਕਦਾ ਹੈ ।

## ਸਿੰਚਾਈ

ਪਹਿਲਾ ਪਾਣੀ ਖੇਤ ਵਿੱਚ ਪਨੀਰੀ ਪੁੱਟ ਕੇ ਲਾਉਣ ਤੋਂ ਫੌਰਨ ਬਾਅਦ ਲਾਉ । ਬਾਅਦ ਵਾਲੇ ਪਾਣੀ 10-15 ਦਿਨ ਦੇ ਵਕਫ਼ੇ ਤੇ ਲਾਉ । ਕੁੱਲ 8-12 ਪਾਣੀਆਂ ਦੀ ਲੋੜ ਹੈ ।

## ਕਟਾਈ

ਜਿਉਂ ਹੀ ਫੁੱਲ ਮੰਡੀਕਰਨ ਦੇ ਆਕਾਰ ਦੇ ਹੋਣ ਅਤੇ ਕਰੜੇ ਹੋਣ, ਕੱਟ ਲੈਣੇ ਚਾਹੀਦੇ ਹਨ । ਫੁੱਲ ਮੁੱਢੋਂ ਕੱਟ ਕੇ ਬੋਰਿਆਂ ਵਿੱਚ ਪਾ ਕੇ ਮੰਡੀਕਰਨ ਕਰਨੇ ਚਾਹੀਦੇ ਹਨ ।

**ਪੌਦ-ਸੁਰੱਖਿਆ**

**ਕੀੜੇ**

**ਅਗੇਤੇ ਮੌਸਮ ਦੀ ਫ਼ਸਲ**
**(ਜੁਲਾਈ-ਅਕਤੂਬਰ)**

**ਤਣੇ ਦਾ ਗੜੂੰਆਂ**

ਇਹ ਕੀੜਾ ਜੁਲਾਈ ਅਗਸਤ ਵਿੱਚ ਬਹੁਤ ਨੁਕਸਾਨ ਕਰਦਾ ਹੈ । ਇਸ ਕੀੜੇ ਦੀ ਸੁੰਡੀ ਵਿਚਕਾਰਲੀ ਸ਼ਾਖ ਵਿੱਚ ਮੋਰੀ ਕਰ ਦਿੰਦੀ ਹੈ ਅਤੇ ਸ਼ਾਖ ਤੇ ਫੁੱਲ ਨਹੀਂ ਲੱਗਦਾ । ਇਸ ਕੀੜੇ ਦਾ ਜ਼ਿਆਦਾ ਹੱਲਾ ਨਵੇਂ ਬੂਟਿਆਂ ਜਾਂ ਪਨੀਰੀ ਤੇ ਹੁੰਦਾ ਹੈ ।

**ਰੋਕਥਾਮ ਅਤੇ ਸਾਵਧਾਨੀਆਂ**

ਇਸ ਦੀ ਰੋਕਥਾਮ ਲਈ 150 ਗ੍ਰਾਮ ਸੇਵਿਨ ਜਾਂ ਹੈਕਸਾਵਿਨ 50 ਘੁਲਣਸ਼ੀਲ (ਕਾਰਬਰਿਲ) ਨੂੰ 50 ਤੋਂ 60 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕੋ । ਲੋੜ ਅਨੁਸਾਰ ਇੱਕ ਛਿੜਕਾਅ 10 ਦਿਨ ਪਿੱਛੋਂ ਫੇਰ ਕਰੋ । ਜ਼ਹਿਰ ਛਿੜਕਣ ਤੋਂ ਪਹਿਲਾ ਫ਼ਲ ਤੋੜ ਲਉ । ਫੇਰ ਦੁਬਾਰਾ ਫ਼ਲ ਜ਼ਹਿਰ ਛਿੜਕਣ ਤੋਂ 7 ਦਿਨ ਬਾਅਦ ਤੋੜੋ । ਛਿੜਕਾਅ ਕੇਵਲ ਉਦੋਂ ਕਰੋ ਜਦੋਂ ਕੀੜੇ ਦਾ ਹਮਲਾ ਕਾਫ਼ੀ ਜਾਪੇ ।

**ਚਮਕੀਲੀ ਪਿੱਠ ਵਾਲਾ ਪਤੰਗਾ**

ਇਹ ਕੀੜਾ ਅਗਸਤ-ਸਤੰਬਰ ਵਿੱਚ ਨੁਕਸਾਨ ਕਰਦਾ ਹੈ। ਇਸ ਦੀਆਂ ਸੁੰਡੀਆਂ ਪੱਤਿਆਂ ਨੂੰ ਖਾਂਦੀਆਂ ਹਨ ਤੇ ਕਈ ਵਾਰ ਪੱਤਿਆਂ ਵਿੱਚ ਮੋਰੀਆਂ ਵੀ ਕਰ ਦਿੰਦੀਆਂ ਹਨ । ਬੂਟੇ ਦਾ ਵਾਧਾ ਰੁੱਕ ਜਾਂਦਾ ਹੈ ।

**ਰੋਕਥਾਮ ਅਤੇ ਸਾਵਧਾਨੀਆਂ**

ਇਸ ਦੀ ਰੋਕਥਾਮ ਲਈ ਲੋੜ ਅਨੁਸਾਰ 300 ਮਿਲੀਲਿਟਰ ਡਾਈਪੈਲ 8 ਐਲ ਜਾਂ 300 ਗ੍ਰਾਮ ਹਾਲਟ ਡਬਲਯੂ ਪੀ 7 ਦਿਨਾਂ ਦੇ ਵਕਫ਼ੇ ਤੇ ਸ਼ਾਮ ਵਲੇ ਛਿੜਕਾਅ ਕਰੋ ਜਾਂ 250 ਮਿਲੀਲਿਟਰ ਸਕਸੈਸ 2.5 ਐਸ ਸੀ (ਸਪਾਈਨੋਸੈਡ) ਜਾਂ 70 ਗ੍ਰਾਮ ਪ੍ਰੋਕਲੇਮ 5 ਐਸ ਜੀ (ਐਮਾਮੈਕਟਿਨ ਬੈਂਜੋਏਟ ) ਜਾਂ 130 ਮਿਲੀਲਿਟਰ ਅਵਾਂਟ 15.8 ਈ ਸੀ (ਇੰਡੌਕਸਾਕਾਰਬ) ਜਾਂ 200 ਗ੍ਰਾਮ ਪਦਾਨ 50 ਐਸ ਪੀ (ਕਾਰਤਾਪ ਹਾਈਡ੍ਰੋਕਲੋਰਾਈਡ) ਜਾਂ 200- 400 ਮਿਲੀਲਿਟਰ ਏਕਾਲਕਸ 25 ਈ ਸੀ (ਕੁਇਨਲਫਾਸ) ਜਾਂ 100 ਮਿਲੀਲਿਟਰ ਸੁਮੀਸੀਡੀਨ 20 ਈ ਸੀ (ਫੈਨਵਲਰੇਟ) ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ । ਲੋੜ ਪੈਣ ਤੇ ਦਸ ਦਿਨ ਬਾਅਦ ਛਿੜਕਾਅ ਫਿਰ ਕਰੋ । ਪਹਿਲੇ ਛਿੜਕਾਅ ਡਾਈਪੈਲ 8 ਐਲ ਜਾਂ ਹਾਲਟ ਡਬਲਯੂ ਪੀ ਦੇ ਕਰੋ ਕਿਉਂਕਿ ਇਹ ਮਿਤਰ ਕੀੜਿਆਂ ਲਈ ਸੁਰੱਖਿਅਤ ਜ਼ਹਿਰਾਂ ਹਨ । ਬੰਦ ਗੋਭੀ ਤੇ ਫੁੱਲ ਗੋਭੀ ਨੂੰ ਅਵਾਂਟ ਦੇ ਛਿੜਕਾਅ ਤੋਂ ਪਿੱਛੋਂ ਘੱਟੋ ਘੱਟ ਤਿੰਨ ਦਿਨ ਲਈ ਨਾ ਤੋੜੋ । ਜਿਥੇ ਸਕਸੈਸ 2.5 ਐਸ ਸੀ ਛਿੜਕੀ ਹੋਵੇ ਉਥੇ ਇਹ ਇੰਤਜ਼ਾਰ ਬੰਦ ਗੋਭੀ ਲਈ 5 ਦਿਨ ਅਤੇ ਫੁੱਲ ਗੋਭੀ ਲਈ 7 ਦਿਨ ਕਰੋ । ਪ੍ਰੋਕਲੇਮ 5 ਐਸ ਜੀ ਦੇ ਛਿੜਕਾਅ ਪਿੱਛੋਂ ਬੰਦ ਗੋਭੀ ਲਈ 3 ਦਿਨ ਅਤੇ ਫੁੱਲ ਗੋਭੀ ਲਈ 5 ਦਿਨ ਇੰਤਜ਼ਾਰ ਕਰੋ।

**ਤੰਬਾਕੂ ਦੀ ਸੁੰਡੀ**

ਇਹ ਕੀੜਾ ਅਗਸਤ–ਅਕਤੂਬਰ ਵਿੱਚ ਹਮਲਾ ਕਰਦਾ ਹੈ । ਇਸ ਦਾ ਹਮਲਾ ਕਦੇ–ਕਦਾਈਂ ਖਤਰਨਾਕ ਹੁੰਦਾ ਹੈ । ਜੇਕਰ ਇਸ ਦੀ ਰੋਕਥਾਮ ਨਾ ਕੀਤੀ ਜਾਵੇ ਤਾਂ ਇਹ ਪੱਤਿਆਂ ਨੂੰ ਬਿਲਕੁਲ ਮਰੁੰਡ ਦਿੰਦਾ ਹੈ । ਛੋਟੀਆਂ ਸੁੰਡੀਆਂ ਵੱਡੀ ਗਿਣਤੀ ਵਿੱਚ ਇਕੱਠੇ ਪੱਤੇ ਖਾਂਦੀਆਂ ਹਨ ।

**ਰੋਕਥਾਮ ਅਤੇ ਸਾਵਧਾਨੀਆਂ**

1. ਇਸ ਦੇ ਆਂਡਿਆਂ ਵਾਲੇ ਪੱਤੇ ਅਤੇ ਸੁੰਡੀ ਇਕੱਠੇ ਕਰ ਕੇ ਨਸ਼ਟ ਕਰ ਦਿਉ ।
2. ਚਮਕੀਲੀ ਪਿੱਠ ਵਾਲੇ ਪਤੰਗੇ ਦੀ ਰੋਕਥਾਮ ਵਾਲੀਆਂ ਜ਼ਹਿਰਾਂ ਦੀ ਵਰਤੋਂ ਨਾਲ ਇਹ ਸੁੰਡੀਆਂ ਵੀ ਮਰ ਜਾਦੀਆਂ ਹਨ । ਜੇਕਰ ਇਨ੍ਹਾਂ ਸੁੰਡੀਆਂ ਦਾ ਹਮਲਾ ਸਾਰੇ ਖੇਤ ਵਿੱਚ ਨਾ ਹੋਵੇ ਤਾਂ ਇਹ ਜ਼ਹਿਰਾਂ ਹਮਲੇ ਵਾਲੇ ਥਾਵਾਂ ਤੇ ਹੀ ਵਰਤੀਆਂ ਜਾਣੀਆਂ ਚਾਹੀਦੀਆਂ ਹਨ ।

**ਦਰਮਿਆਨੇ ਮੌਸਮ ਦੀ ਫ਼ਸਲ**
**(ਸਤੰਬਰ–ਦਸੰਬਰ)**

**ਚਮਕੀਲੀ ਪਿੱਠ ਵਾਲਾ ਪਤੰਗਾ**

ਮੁੱਖ ਫ਼ਸਲ ਤੇ ਉਪਰ ਦੱਸੇ ਕੀੜੇ ਘੱਟ ਹੀ ਹਮਲਾ ਕਰਦੇ ਹਨ । ਤੰਬਾਕੂ ਦੀ ਸੁੰਡੀ ਕਈ ਵਾਰ ਇਸ ਤੇ ਹਮਲਾ ਕਰਦੀ ਹੈ ਅਤੇ ਇਹ ਹਮਲਾ ਅਕਤੂਬਰ ਤੱਕ ਰਹਿੰਦਾ ਹੈ ।

**ਰੋਕਥਾਮ ਅਤੇ ਸਾਵਧਾਨੀਆਂ**

ਉਪਰ ਦੱਸੇ ਅਨੁਸਾਰ ਅਮਲ ਕਰੋ

**ਪਛੇਤੇ ਮੌਸਮ ਦੀ ਫ਼ਸਲ**
**(ਦਸੰਬਰ–ਮਾਰਚ)**

**ਚਮਕੀਲੀ ਪਿੱਠ ਵਾਲਾ ਪਤੰਗਾ**

ਇਸ ਫ਼ਸਲ ਤੇ ਆਮ ਕਰਕੇ ਤੇਲਾ ਜਨਵਰੀ ਫਰਵਰੀ ਵਿੱਚ ਨੁਕਸਾਨ ਕਰਦਾ ਹੈ । ਇਹ ਪੱਤਿਆਂ ਦਾ ਰਸ ਚੂਸਦੇ ਹਨ, ਜਿਸ ਨਾਲ ਬੂਟੇ ਦਾ ਵਾਧਾ ਰੁੱਕ ਜਾਂਦਾ ਹੈ । ਤੇਲੇ ਤੋਂ ਬਿਨਾਂ ਕਈ ਵਾਰ ਚਮਕੀਲੀ ਪਿੱਠ ਵਾਲਾ ਪਤੰਗਾ ਵੀ ਫਰਵਰੀ–ਮਾਰਚ ਵਿੱਚ ਹਮਲਾ ਕਰਦਾ ਹੈ।

**ਰੋਕਥਾਮ ਅਤੇ ਸਾਵਧਾਨੀਆਂ**

250–500 ਮਿਲੀਲਿਟਰ ਮੈਲਾਥੀਆਨ 50 ਈ ਸੀ ਨੂੰ 80–100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ । ਲੋੜ ਪਵੇ ਤਾਂ 10 ਦਿਨਾਂ ਬਾਅਦ ਦੁਹਰਾਓ । ਚਮਕੀਲੀ ਪਿੱਠ ਵਾਲੇ ਪਤੰਗੇ ਲਈ ਅਗੇਤੀ ਫ਼ਸਲ ਵਾਲਾ ਢੰਗ ਵਰਤੋ ।

**ਨੋਟ :** ਮੋਟਰ ਵਾਲੇ ਨੈਪਸੈਕ ਪੰਪਾਂ ਦੀ ਵਰਤੋਂ ਸਮੇਂ ਉਪਰ ਦੱਸੀ ਗਈ ਦਵਾਈ ਦੀ ਪੂਰੀ ਮਿਕਦਾਰ ਵਰਤੋ, ਪਰ ਇਸ ਦਵਾਈ ਨੂੰ ਘੋਲਣ ਲਈ ਪਾਣੀ ਦਾ ਦਸਵਾਂ ਹਿੱਸਾ ਹੀ ਵਰਤੋ ।

**ਬਿਮਾਰੀਆਂ**

**ਪਨੀਰੀ ਦਾ ਮਰਨਾ**

ਬੂਟੇ ਉਗਣ ਤੋਂ ਪਹਿਲਾਂ ਤੇ ਬਾਅਦ ਵਿੱਚ ਮਰ ਜਾਂਦੇ ਹਨ ।

**ਰੋਕਥਾਮ**

1. ਬੀਜ ਨੂੰ 3 ਗ੍ਰਾਮ ਕੈਪਟਾਨ ਜਾਂ ਥੀਰਮ ਦਵਾਈ ਪ੍ਰਤੀ ਕਿਲੋ ਦੇ ਹਿਸਾਬ ਨਾਲ ਸੋਧ ਕੇ ਬੀਜੋ ।

2. ਮਿੱਟੀ ਨੂੰ ਬੂਟਿਆਂ ਦੇ ਨੇੜਿਉਂ 200 ਗ੍ਰਾਮ ਕੈਪਟਾਨ ਦਵਾਈ ਦੇ 100 ਲਿਟਰ ਪਾਣੀ ਵਿੱਚ ਘੋਲ ਨਾਲ ਭਿਉਂ ਦਿਉ । ਇਹ ਬਿਜਾਈ ਤੋਂ ਸੱਤਵੇਂ ਤੇ ਪੰਦਰ੍ਹਵੇਂ ਦਿਨ ਕਰੋ ।

**ਕਾਲੇ ਧੱਬੇ**

ਪੱਤਿਆਂ ਦੇ ਕੋਨਿਆਂ ਉਪਰ ਵੀ (V) ਵਰਗੇ ਚਟਾਖ ਪੈ ਜਾਂਦੇ ਹਨ ਅਤੇ ਬਾਅਦ ਵਿੱਚ ਇਨ੍ਹਾਂ ਦੀਆਂ ਨਾੜੀਆਂ ਕਾਲੀਆਂ ਭੂਰੀਆਂ ਹੋ ਜਾਂਦੀਆਂ ਹਨ । ਪੱਤੇ ਕਰੂਪ ਹੋ ਕੇ ਸੁੱਕ-ਸੜ ਜਾਂਦੇ ਹਨ । ਗੋਭੀ ਦੇ ਫੁੱਲਾਂ ਉੱਤੇ ਵੀ ਇਸ ਬਿਮਾਰੀ ਦਾ ਅਸਰ ਹੁੰਦਾ ਹੈ ਜੋ ਕਿ ਗਲ ਜਾਂਦੇ ਹਨ ।



**ਰੋਕਥਾਮ**

1. ਬੀਜ ਨਰੋਈ ਫ਼ਸਲ ਵਾਲੇ ਇਲਾਕੇ ਤੋਂ ਲਉ ।
2. ਬੀਜ ਨੂੰ 50 ਡਿਗਰੀ ਸੈਲਸੀਅਸ ਵਾਲੇ ਪਾਣੀ ਵਿੱਚ 30 ਮਿੰਟ ਲਈ ਡੁਬੋ ਲਵੋ ਅਤੇ ਫਿਰ ਸੁਕਾ ਲਉ । ਬਿਜਾਈ ਤੋਂ ਪਹਿਲਾਂ ਇੱਕ ਕਿਲੋ ਬੀਜ ਨੂੰ 3 ਗ੍ਰਾਮ ਥੀਰਮ ਜਾਂ ਕੈਪਟਾਨ ਦਵਾਈ ਨਾਲ ਸੋਧ ਲਵੋ ।
3. ਫ਼ਸਲ ਨੂੰ 200 ਲਿਟਰ ਪਾਣੀ ਵਿੱਚ 40 ਗ੍ਰਾਮ ਸਟਰੈਪਟੋਸਾਈਕਲੀਨ ਤੇ 200 ਗ੍ਰਾਮ ਕਾਪਰ ਆਕਸੀਕਲੋਰਾਈਡ ਦੇ ਘੋਲ ਨੂੰ ਬਿਮਾਰੀ ਦੀ ਗੰਭੀਰਤਾ ਅਨੁਸਾਰ ਦੋ-ਤਿੰਨ ਵਾਰ ਛਿੜਕੋ ।
4. ਪੁਟਾਈ ਮਗਰੋਂ ਬਿਮਾਰ ਬੂਟੇ ਕੱਢ ਦਿਉ ਅਤੇ ਰਹਿੰਦ-ਖੂੰਹਦ ਦਾ ਨਾਸ਼ ਕਰ ਦਿਉ ।

**ਗੋਲ ਧੱਬੇ (ਬਲਾਈਟ)**

ਹੇਠਲੇ ਪੱਤਿਆਂ ਤੇ ਗੋਲ ਧੱਬੇ ਪੈ ਜਾਂਦੇ ਹਨ । ਗੋਭੀ ਦੇ ਫੁੱਲ ਇਸ ਬਿਮਾਰੀ ਦੇ ਅਸਰ ਨਾਲ ਗਲ ਜਾਂਦੇ ਹਨ । ਬੀਜ ਵਾਲੀ ਫ਼ਸਲ ਦੀਆਂ ਫ਼ਲੀਆਂ ਤੇ ਵੀ ਭੂਰੇ ਧੱਬੇ ਪੈ ਜਾਂਦੇ ਹਨ ।

**ਰੋਕਥਾਮ**

1. ਬੀਜ ਨੂੰ ਤਿੰਨ ਗ੍ਰਾਮ ਕੈਪਟਾਨ ਜਾਂ ਥਰਿਮ ਨਾਲ ਪ੍ਰਤੀ ਕਿਲੋ ਬੀਜ ਦੇ ਹਿਸਾਬ ਸੋਧ ਕੇ ਬੀਜੋ ।
2. ਫ਼ਸਲ ਉਪਰ ਹਫ਼ਤੇ ਦੀ ਵਿੱਥ ਤੇ 500 ਗ੍ਰਾਮ ਇੰਡੋਫਿਲ ਐਮ-45 ਦਾ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

3. ਬਿਮਾਰ ਬੂਟੇ ਤੇ ਰਹਿੰਦ-ਖੂੰਹਦ ਨਸ਼ਟ ਕਰ ਦਿਉ ।

4. ਜੇਕਰ ਕਾਲੇ ਧੱਬਿਆਂ ਦਾ ਰੋਗ ਅਤੇ ਬਲਾਈਟ ਇਕੱਠੇ ਆਉਣ ਤਾਂ 30 ਗ੍ਰਾਮ ਐਗਰੀਮਾਈਸੀਨ 100 ਨੂੰ ਇੰਡੋਫਿਲ ਐਮ-45 ਦੇ ਘੋਲ ਵਿੱਚ ਰਲਾ ਕੇ ਸਪਰੇਅ ਕਰੋ ।

**ਪੀਲੇ ਧੱਬੇ**

ਇਹ ਬਿਮਾਰੀ ਫੁੱਲ ਗੋਭੀ ਦੇ ਪੱਤਿਆਂ ਅਤੇ ਫੁੱਲਾਂ ਤੇ ਪੈਦਾ ਹੁੰਦੀ ਹੈ । ਪੱਤਿਆਂ ਉਤੇ ਪੀਲੇ-ਪੀਲੇ ਬੇਤਰਤੀਬੇ ਨੁਕਰਾਂ ਵਾਲੇ ਨਿਸ਼ਾਨ ਪੈ ਜਾਂਦੇ ਹਨ ਅਤੇ ਚਿੱਟਾ ਜਿਹਾ ਮਾਦਾ ਉੱਗ ਪੈਂਦਾ ਹੈ । ਗੋਭੀ ਦਾ ਫੁੱਲ ਉਤੋਂ ਭੂਰਾ ਹੋ ਜਾਂਦਾ ਹੈ । ਤਣੇ ਉਤੇ ਕਾਲੇ ਭੂਰੇ ਰੰਗ ਦੇ ਚਿੱਟੇ ਜਿਹੇ ਮਾਦੇ ਦੇ ਨਿਸ਼ਾਨ ਪੈ ਜਾਂਦੇ ਹਨ । ਗੰਭੀਰ ਹਾਲਤਾਂ ਵਿੱਚ ਗੋਭੀ ਦਾ ਫੁੱਲ ਗਲ ਜਾਂਦਾ ਹੈ ਅਤੇ ਬੀਜ ਨਹੀਂ ਬਣਦਾ ।





**ਰੋਕਥਾਮ**

ਇਸ ਰੋਗ ਤੋਂ ਬਚਣ ਲਈ ਇੰਡੋਫਿਲ ਐਮ-45 ਦਾ ਛਿੜਕਾਅ ਕਰੋ । ਛਿੜਕਾਅ ਲਈ 500 ਗ੍ਰਾਮ ਦਵਾਈ 200 ਲਿਟਰ ਪਾਣੀ ਵਿੱਚ ਇੱਕ ਏਕੜ ਲਈ ਕਾਫ਼ੀ ਹੋਵੇਗੀ । ਛਿੜਕਾਅ 7 ਦਿਨਾਂ ਦਾ ਵਕਫ਼ਾ ਰੱਖ ਕੇ ਕਰੋ ।

**ਗੋਭੀ ਦੇ ਤਣੇ ਦਾ ਗਾਲਾ**

ਇਹ ਬਿਮਾਰੀ ਬੀਜ ਵਾਲੀ ਫ਼ਸਲ ਨੂੰ ਲੱਗਦੀ ਹੈ । ਤਣੇ, ਫੁੱਲ ਅਤੇ ਸ਼ਾਖਾਂ ਭੂਰੇ ਰੰਗ ਦੀਆਂ ਹੋ ਕੇ ਮਾਰਚ ਵਿੱਚ ਸੁੱਕ ਜਾਂਦੀਆਂ ਹਨ । ਪੌਦੇ ਦਾ ਵਿਚਲਾ ਹਿੱਸਾ ਕਾਲੇ ਸਖ਼ਤ ਮਾਦੇ ਨਾਲ ਭਰ ਜਾਂਦਾ ਹੈ ਜੋ ਕਿ ਅਸਲ ਵਿੱਚ ਵੱਖੋ–ਵੱਖ ਆਕਾਰ ਦੇ ਉੱਲੀ ਦੇ ਜੀਵਾਣੂ ਹੁੰਦੇ ਹਨ ।



**ਰੋਕਥਾਮ**

ਜਿਸ ਰਕਬੇ ਵਿੱਚ ਬਿਮਾਰੀ ਆਉਂਦੀ ਹੋਵੇ ਉੱਥੇ ਰੂੜੀ ਦੀ ਖਾਦ ਪਾਉਣ ਨਾਲ ਬਿਮਾਰੀ ਦਾ ਘੱਟ ਹਮਲਾ ਹੁੰਦਾ ਹੈ । ਉੱਲੀ ਦੇ ਬੀਜਾਣੂਆਂ ਦੀ ਗਿਣਤੀ ਵੀ ਘੱਟ ਜਾਂਦੀ ਹੈ ।